ਮਿੱਠੇ ਬੱਚੇ:- " ਮਿੱਠੇ ਬੱਚੇ :- ਰੋਜ਼ ਰਾਤ ਨੂੰ ਆਪਣਾ ਪੋਤਾਮੇਲ ਕੱਢੋ , ਡਾਇਰੀ ਰੱਖੋ ਤਾਂ ਡਰ ਰਹੇਗਾ ਕਿ ਕਿਧਰੇ ਘਾਟਾ ਨਾ ਪੈ ਜਾਵੇ। "

ਪ੍ਰਸ਼ਨ:- ਕਲਪ ਪਹਿਲੇ ਵਾਲੇ ਭਾਗਿਆਸ਼ਾਲੀ ਬੱਚਿਆਂ ਨੂੰ ਬਾਪ ਦੀ ਕਿਹੜੀ ਗੱਲ ਫੋਰਨ ਟੱਚ ਹੋਵੇਗੀ?

ਉੱਤਰ:- ਬਾਪ ਰੋਜ-ਰੋਜ ਬੱਚਿਆਂ ਨੂੰ ਯਾਦ ਦੀਆਂ ਯੁਕਤੀਆਂ ਦੱਸਦੇ ਹਨ, ਉਹ ਭਾਗਿਆਸ਼ਾਲੀ ਬੱਚਿਆਂ ਨੂੰ ਹੀ ਟੱਚ ਹੁੰਦੀਆਂ ਰਹਿਣਗੀਆਂ। ਉਹ ਉਹਨਾਂ ਨੂੰ ਫੋਰਨ ਅਮਲ ਵਿਚ ਲਿਆਉਣਗੇ। ਬਾਬਾ ਕਹਿੰਦੇ ਬੱਚੇ ਕੁਝ ਸਮੇਂ ਇਕਾਂਤ ਵਿੱਚ ਬਾਗ਼ੀਚੇ ਵਿੱਚ ਬੈਠੋ। ਬਾਬਾ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰੋ, ਆਪਣਾ ਚਾਰਟ ਰੱਖੋ ਤਾਂ ਉਣਤੀ ਹੁੰਦੀ ਰਹੇਗੀ।

ਓਮ ਸ਼ਾਂਤੀ। ਮਿਲਟਰੀ ਨੂੰ ਪਹਿਲਾਂ - ਪਹਿਲਾਂ ਸਾਵਧਾਨ ਕੀਤਾ ਜਾਂਦਾ ਹੈ - ਅਟੈਂਸ਼ਨ ਪਲੀਜ਼। ਬਾਪ ਵੀ ਬੱਚਿਆਂ ਨੂੰ ਕਹਿੰਦੇ ਹਨ ਆਪਣੇ ਨੂੰ ਆਤਮਾ ਨਿਸ਼ਚੇ ਕਰ ਬਾਪ ਨੂੰ ਯਾਦ ਕਰਦੇ ਰਹਿੰਦੇ ਹੋ? ਬੱਚਿਆਂ ਨੂੰ ਸਮਝਾਇਆ ਹੈ ਇਹ ਗਿਆਨ ਬਾਪ ਇਸ ਸਮੇਂ ਹੀ ਦੇ ਸਕਦੇ ਹਨ। ਬਾਪ ਹੀ ਪੜ੍ਹਾਉਂਦੇ ਹਨ। ਭਗਵਾਨੁਵਾਚ ਹੈ ਨਾ - ਮੂਲ ਗੱਲ ਹੋ ਜਾਂਦੀ ਹੈ ਇਹ ਕਿ ਭਗਵਾਨ ਕੌਣ ਹੈ? ਕੌਣ ਪੜ੍ਹਾਉਂਦੇ ਹਨ? ਇਹ ਗੱਲ ਪਹਿਲਾਂ ਸਮਝਣ ਅਤੇ ਨਿਸ਼ਚੇ ਕਰਨ ਦੀ ਹੁੰਦੀ ਹੈ। ਫਿਰ ਅਤਿੰਦਰਿਆ ਸੁਖ ਵਿੱਚ ਵੀ ਰਹਿਣਾ ਹੈ। ਆਤਮਾ ਨੂੰ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਸਾਨੂੰ ਬੇਹੱਦ ਦਾ ਬਾਪ ਮਿਲਿਆ ਹੈ। ਬਾਪ ਇੱਕ ਹੀ ਵਾਰ ਆਕੇ ਮਿਲਦੇ ਹਨ ਵਰਸਾ ਦੇਣ। ਕਿਸਦਾ ਵਰਸਾ? ਵਿਸ਼ਵ ਦੀ ਬਾਦਸ਼ਾਹੀ ਦਾ ਵਰਸਾ ਦਿੰਦੇ ਹਨ, 5 ਹਜ਼ਾਰ ਵਰ੍ਹੇ ਪਹਿਲਾਂ ਤਰ੍ਹਾਂ। ਇਹ ਤਾਂ ਪੱਕਾ ਨਿਸ਼ਚਾ ਹੈ - ਬਾਪ ਆਇਆ ਹੋਇਆ ਹੈ। ਫਿਰ ਤੋਂ ਸਹਿਜ ਰਾਜਯੋਗ ਸਿਖਾਉਂਦੇ ਹਨ, ਸਿਖਾਉਣਾ ਪੈਂਦਾ ਹੈ। ਬੱਚੇ ਨੂੰ ਕੋਈ ਸਿਖਾਇਆ ਨਹੀਂ ਜਾਂਦਾ ਹੈ। ਆਪ ਹੀ ਮੁਖ ਤੋਂ ਮੰਮਾ ਬਾਬਾ ਨਿਕਾਲਦਾ ਰਹੇਗਾ ਕਿਓਂਕਿ ਅੱਖਰ ਤਾਂ ਸੁਣਦੇ ਹਨ ਨਾ। ਇਹ ਹੈ ਰੂਹਾਨੀ ਬਾਪ। ਆਤਮਾ ਨੂੰ ਆਂਤਰਿਕ ਗੁਪਤ ਨਸ਼ਾ ਰਹਿੰਦਾ ਹੈ। ਆਤਮਾ ਨੂੰ ਹੀ ਪੜ੍ਹਨਾ ਹੈ। ਪਰਮਪਿਤਾ ਪਰਮਾਤਮਾ ਤਾਂ ਨਾਲੇਜਫੁਲ ਹੈ ਹੀ। ਉਹ ਕੋਈ ਪੜ੍ਹਿਆ ਨਹੀਂ ਹੈ। ਉਨ੍ਹਾਂ ਵਿੱਚ ਨਾਲੇਜ ਹੈ ਹੀ, ਕਿਸ ਦੀ ਨਾਲੇਜ ਹੈ? ਇਹ ਵੀ ਤੁਹਾਡੀ ਆਤਮਾ ਸਮਝਦੀ ਹੈ। ਬਾਬਾ ਵਿੱਚ ਸਾਰੀ ਸ੍ਰਿਸ਼ਟੀ ਦੇ ਆਦਿ ਮੱਧ ਅੰਤ ਦੀ ਨਾਲੇਜ ਹੈ। ਕਿਵੇਂ ਇੱਕ ਧਰਮ ਦੀ ਸਥਾਪਨਾ ਅਤੇ ਕਈ ਧਰਮਾਂ ਦਾ ਵਿਨਾਸ਼ ਹੁੰਦਾ ਹੈ, ਇਹ ਸਭ ਜਾਣਦੇ ਹਨ - ਇਸਲਈ ਉਨ੍ਹਾਂ ਨੂੰ ਜਾਣੀ ਜਾਨਣਹਾਰ ਕਹਿ ਦਿੰਦੇ ਹਨ। ਜਾਣੀ ਜਾਨਣਹਾਰ ਦਾ ਅਰਥ ਕੀ ਹੈ? ਇਹ ਕੋਈ ਵੀ ਬਿਲਕੁਲ ਜਾਣਦੇ ਨਹੀਂ ਹਨ। ਹੁਣ ਤੁਸੀਂ ਬੱਚਿਆਂ ਨੂੰ ਬਾਪ ਨੇ ਸਮਝਾਇਆ ਹੈ ਕਿ ਇਹ ਸਲੋਗਨ ਵੀ ਜਰੂਰ ਲਗਾਓ ਕਿ ਮਨੁੱਖ ਹੋਕੇ ਜੇਕਰ ਕ੍ਰਿਏਟਰ ਅਤੇ ਰਚਨਾ ਦੇ ਆਦਿ ਮੱਧ ਅੰਤ ਡੂਰੇਸ਼ਨ, ਰੈਪੀਟੇਸ਼ਨ ਨੂੰ ਨਹੀਂ ਜਾਣਿਆ ਤਾਂ ਕੀ ਕਿਹਾ ਜਾਏ... ਇਹ ਰੈਪੀਟੇਸ਼ਨ ਅੱਖਰ ਵੀ ਬਹੁਤ ਜਰੂਰੀ ਹੈ। ਕੁਰੈਕਸ਼ਨ ਤਾਂ ਹੁੰਦੀ ਰਹਿੰਦੀ ਹੈ ਨਾ। ਗੀਤਾ ਦਾ ਭਗਵਾਨ ਕੌਣ... ਇਹ ਚਿੱਤਰ ਬੜਾ ਫਸਟਕਲਾਸ ਹੈ। ਸਾਰੇ ਵਰਲਡ ਵਿਚ ਇਹ ਹੈ ਸਭ ਤੋਂ ਨੰਬਰਵਨ ਭੁੱਲ। ਪਰਮਪਿਤਾ ਪਰਮਾਤਮਾ ਨੂੰ ਨਾ ਜਾਨਣ ਦੇ ਕਾਰਨ ਫਿਰ ਕਹਿ ਦਿੰਦੇ ਸਭ ਭਗਵਾਨ ਦੇ ਰੂਪ ਹਨ। ਜਿਵੇਂ ਛੋਟੇ ਬੱਚੇ ਤੋਂ ਪੁੱਛਿਆ ਜਾਂਦਾ ਹੈ ਤੁਸੀਂ ਕਿਸ ਦਾ ਬੱਚਾ ਹੋ? ਕਹਿਣਗੇ ਫਲਾਣੇ ਦਾ। ਫਲਾਣਾ ਕਿਸ ਦਾ ਬੱਚਾ? ਫਲਾਣੇ ਦਾ। ਫਿਰ ਕਹਿ ਦੇਣਗੇ ਉਹ ਸਾਡਾ ਬੱਚਾ। ਉਵੇਂ ਇਹ ਵੀ ਭਗਵਾਨ ਨੂੰ ਜਾਣਦੇ ਨਹੀਂ ਤਾਂ ਕਹਿ ਦਿੰਦੇ ਅਸੀਂ ਭਗਵਾਨ ਹਾਂ। ਇੰਨੀ ਪੂਜਾ ਵੀ ਕਰਦੇ ਹਨ ਪਰ ਸਮਝਦੇ ਨਹੀਂ। ਗਾਇਆ ਜਾਂਦਾ ਹੈ ਬ੍ਰਹਮਾ ਦੀ ਰਾਤ ਤਾਂ ਜਰੂਰ ਬ੍ਰਾਹਮਣ ਬ੍ਰਹਮਣੀਆਂ ਦੀ ਵੀ ਰਾਤ ਹੋਵੇਗੀ। ਇਹ ਸਭ ਧਾਰਨ ਕਰਨ ਦੀ ਗੱਲਾਂ ਹਨ। ਇਹ ਧਾਰਨਾ ਉਨ੍ਹਾਂ ਨੂੰ ਹੋਵੇਗੀ ਜੋ ਯੋਗ ਵਿਚ ਰਹਿੰਦੇ ਹਨ। ਯਾਦ ਨੂੰ ਹੀ ਬਲ ਕਿਹਾ ਜਾਂਦਾ ਹੈ। ਗਿਆਨ ਤਾਂ ਹੈ ਸੋਰਸ ਆਫ ਇਨਕਮ। ਯਾਦ ਨਾਲ ਸ਼ਕਤੀ ਮਿਲਦੀ ਹੈ ਜਿਸ ਤੋਂ ਵਿਕਰਮ ਵਿਨਾਸ਼ ਹੁੰਦੇ ਹਨ। ਤੁਹਾਨੂੰ ਬੁੱਧੀ ਦਾ ਯੋਗ ਬਾਪ ਨਾਲ ਲਗਾਉਣਾ ਹੈ। ਇਹ ਗਿਆਨ ਬਾਪ ਹੁਣ ਹੀ ਦਿੰਦੇ ਹਨ ਫਿਰ ਕਦੀ ਮਿਲਦਾ ਹੀ ਨਹੀਂ। ਸਿਵਾਏ ਬਾਪ ਦੇ ਕੋਈ ਦੇ ਨਾ ਸਕੇ। ਬਾਕੀ ਸਭ ਹਨ ਭਗਤੀ ਮਾਰਗ ਦੇ ਸ਼ਾਸਤਰ, ਕਰਮ - ਕਾਂਡ ਦੀਆਂ ਕ੍ਰਿਆਵਾਂ। ਉਸ ਨੂੰ ਗਿਆਨ ਨਹੀਂ ਕਹਾਂਗੇ। ਸਪ੍ਰਿਚੂਲ ਨਾਲੇਜ ਇੱਕ ਬਾਪ ਦੇ ਕੋਲ ਹੈ ਅਤੇ ਉਹ ਬ੍ਰਾਹਮਣਾਂ ਨੂੰ ਹੀ ਦਿੰਦੇ ਹਨ। ਹੋਰ ਕੋਈ ਦੇ ਕੋਲ ਸਪ੍ਰਿਚੂਲ ਨਾਲੇਜ ਹੁੰਦੀ ਨਹੀਂ। ਦੁਨੀਆਂ ਵਿੱਚ ਕਿੰਨੇ ਧਰਮ ਮੱਠ ਪੰਥ ਹਨ, ਕਿੰਨੀਆਂ ਮਤਾਂ ਹਨ। ਬੱਚਿਆਂ ਨੂੰ ਸਮਝਾਉਣ ਵਿੱਚ ਕਿੰਨੀ ਮਿਹਨਤ ਹੁੰਦੀ ਹੈ। ਕਿੰਨੇ ਤੂਫ਼ਾਨ ਆਉਂਦੇ ਹਨ। ਗਾਉਂਦੇ ਵੀ ਹਨ - ਨਾਂਵ ਮੇਰੀ ਪਾਰ ਲਗਾਓ। ਸਭ ਦੀ ਨਈਆ ਤਾਂ ਪਾਰ ਨਹੀਂ ਜਾ ਸਕਦੀ। ਕੋਈ ਡੁੱਬ ਵੀ ਜਾਵੇਗੀ, ਕੋਈ ਖੜੀ ਹੋ ਜਾਵੇਗੀ। 2 - 3 ਵਰ੍ਹੇ ਹੋ ਜਾਂਦੇ ਹਨ, ਕਈਆਂ ਦਾ ਪਤਾ ਹੀ ਨਹੀਂ। ਕੋਈ ਤਾਂ ਪੁਰਜਾ - ਪੁਰਜਾ (ਟੁਕੜੇ - ਟੁਕੜੇ) ਹੋ ਜਾਂਦੇ ਹਨ। ਕੋਈ ਉੱਥੇ ਹੀ ਖੜੇ ਹੋ ਜਾਂਦੇ ਹਨ, ਇਸ ਵਿੱਚ ਮਿਹਨਤ ਬਹੁਤ ਹੈ। ਆਰਟੀਫਿਸ਼ਲ ਯੋਗ ਵੀ ਕਿੰਨੇ ਨਿਕਲੇ ਹਨ। ਕਿੰਨੇ ਯੋਗ ਆਸ਼ਰਮ ਹਨ। ਰੂਹਾਨੀ ਯੋਗ ਆਸ਼ਰਮ ਕੋਈ ਹੋ ਨਾ ਸਕੇ। ਬਾਪ ਹੀ ਆਕੇ ਆਤਮਾਵਾਂ ਨੂੰ ਰੂਹਾਨੀ ਯੋਗ ਸਿਖਾਉਂਦੇ ਹਨ। ਬਾਬਾ ਕਹਿੰਦੇ ਹਨ ਇਹ ਤਾਂ ਬਹੁਤ ਸਹਿਜ ਯੋਗ ਹੈ। ਇਸ ਵਰਗਾ ਸਹਿਜ ਕੁਝ ਵੀ ਹੈ ਨਹੀਂ। ਆਤਮਾ ਹੀ ਸ਼ਰੀਰ ਵਿਚ ਆਕੇ ਪਾਰ੍ਟ ਵਜਾਉਂਦੀ ਹੈ। 84 ਜਨਮ ਮੇਕਸੀਮਮ ਹਨ, ਬਾਕੀ ਤਾਂ -ਘੱਟ ਘੱਟ ਹੁੰਦੇ ਜਾਣਗੇ। ਇਹ ਗੱਲਾਂ ਵੀ ਤੁਸੀਂ ਬੱਚਿਆਂ ਵਿਚੋਂ ਕਿਸੇ ਦੀ ਬੁੱਧੀ ਵਿੱਚ ਹਨ। ਬੁੱਧੀ ਵਿੱਚ ਧਾਰਨਾ ਬੜੀ ਮੁਸ਼ਕਿਲ ਹੁੰਦੀ ਹੈ। ਪਹਿਲੀ ਗੱਲ ਬਾਪ ਸਮਝਾਉਂਦੇ ਹਨ ਕਿਤੇ ਵੀ ਜਾਂਦੇ ਹੋ ਤਾਂ ਪਹਿਲੇ - ਪਹਿਲੇ ਬਾਪ ਦਾ ਪਰਿਚੈ ਦੋ। ਬਾਪ ਦਾ ਪਰਿਚੈ ਕਿਵੇਂ ਦੇਵੇ, ਇਸ ਦੇ ਲਈ ਯੁਕਤੀ ਰਚੀ ਜਾਂਦੀ ਹੈ। ਉਹ ਜਦੋਂ ਨਿਸ਼ਚੇ ਹੋਵੇ ਉਦੋਂ ਸਮਝਣ ਬਾਪ ਤਾਂ ਸੱਤ ਹੈ। ਜਰੂਰ ਬਾਪ ਸੱਤ ਗੱਲਾਂ ਹੀ ਦੱਸਦੇ ਹੋਣਗੇ। ਇਸ ਵਿੱਚ ਸੰਸ਼ਯ ਨਹੀਂ ਲਿਆਉਣਾ ਚਾਹੀਦਾ ਹੈ। ਯਾਦ ਵਿੱਚ ਹੀ ਮਿਹਨਤ ਹੈ, ਇਸ ਵਿੱਚ ਮਾਇਆ

ਓਪੋਜ਼ੀਸ਼ਨ ਕਰਦੀ ਹੈ। ਘੜੀ - ਘੜੀ ਯਾਦ ਭੁਲਾ ਦਿੰਦੀ ਹੈ ਇਸਲਈ ਬਾਬਾ ਕਹਿੰਦੇ ਹਨ - ਚਾਰਟ ਲਿਖੋ। ਤਾਂ ਬਾਬਾ ਵੀ ਵੇਖਣ ਕੌਣ ਕਿੰਨਾ ਯਾਦ ਕਰਦੇ ਹਨ। ਕਵਾਟਰ ਪਰਸੈਂਟ ਵੀ ਚਾਰਟ ਨਹੀਂ ਰੱਖਦੇ ਹਨ। ਕੋਈ ਕਹਿੰਦੇ ਹਨ ਮੈਂ ਤਾਂ ਸਾਰਾ ਦਿਨ ਯਾਦ ਵਿਚ ਰਹਿੰਦਾ ਹਾਂ। ਬਾਬਾ ਕਹਿੰਦੇ ਹਨ ਇਹ ਤਾਂ ਬੜੀ ਮੁਸ਼ਕਿਲ ਹੈ। ਸਾਰਾ ਦਿਨ ਰਾਤ ਤਾਂ ਬੰਧੇਲੀਆਂ ਜੋ ਮਾਰ ਖਾਂਦੀਆਂ ਰਹਿੰਦੀਆਂ ਹਨ ਉਹ ਯਾਦ ਵਿੱਚ ਰਹਿੰਦੀਆਂ ਹੋਵਣਗੀਆਂ, ਸ਼ਿਵਬਾਬਾ ਕਦੋਂ ਇਨ੍ਹਾਂ ਸੰਬੰਧੀਆਂ ਤੋਂ ਅਸੀਂ ਛੁਟਾਂਗੇ? ਆਤਮਾ ਪੁਕਾਰਦੀ ਹੈ - ਬਾਬਾ ਅਸੀਂ ਬੰਧਨ ਤੋਂ ਕਿਵੇਂ ਛੁਟੀਏ। ਜੇ ਕੋਈ ਬਹੁਤ ਯਾਦ ਵਿੱਚ ਰਹਿੰਦੇ ਹਨ ਤਾਂ ਬਾਬਾ ਨੂੰ ਚਾਰਟ ਭੇਜੋ। ਡਾਇਰੈਕਸ਼ਨ ਮਿਲਦੇ ਹਨ ਰੋਜ਼ ਰਾਤ ਨੂੰ ਆਪਣਾ ਪੋਤਾਮੇਲ ਕੱਢੋ, ਡਾਇਰੀ ਰੱਖੋ। ਡਾਇਰੀ ਰੱਖਣ ਨਾਲ ਡਰ ਰਹੇਗਾ, ਸਾਡਾ ਘਾਟਾ ਨਾ ਨਿਕਲ ਆਏ। ਬਾਬਾ ਵੇਖੇਣਗੇ ਤਾਂ ਕੀ ਕਹਿਣਗੇ - ਇੰਨੇ ਮੋਸ੍ਟ ਬਿਲਵੇਡ ਬਾਬਾ ਨੂੰ ਇੰਨਾ ਸਮੇਂ ਹੀ ਯਾਦ ਕਰਦੇ ਹੋ! ਲੌਕਿਕ ਬਾਪ ਨੂੰ, ਇਸਤ੍ਰੀ ਨੂੰ ਤੁਸੀਂ ਯਾਦ ਕਰਦੇ ਹੋ, ਮੈਨੂੰ ਇੰਨਾ ਥੋੜਾ ਵੀ ਯਾਦ ਨਹੀਂ ਕਰਦੇ ਹੋ। ਚਾਰਟ ਲਿਖੋ ਤਾਂ ਆਪੇ ਹੀ ਲੱਜਾ ਆਏਗੀ। ਇਸ ਹਾਲਤ ਵਿਚ ਮੈਂ ਪਦ ਪਾ ਨਹੀਂ ਸਕਾਂਗਾ, ਇਸਲਈ ਬਾਬਾ ਚਾਰਟ ਤੇ ਜ਼ੋਰ ਦੇ ਰਹੇ ਹਨ। ਬਾਪ ਨੂੰ ਅਤੇ 84 ਦੇ ਚੱਕਰ ਨੂੰ ਯਾਦ ਕਰਨਾ ਹੈ ਤਾਂ ਫਿਰ ਚੱਕਰਵਰਤੀ ਰਾਜਾ ਬਣ ਜਾਵੋਗੇ। ਆਪ ਸਮਾਨ ਬਣਾਉਣਗੇ ਤਾਂ ਹੀ ਪ੍ਰਜਾ ਤੇ ਰਾਜ ਕਰਨਗੇ। ਇਹ ਹੈ ਹੀ ਰਾਜਯੋਗ - ਨਰ ਤੋਂ ਨਾਰਾਇਣ ਬਣਨ ਦਾ। ਏਮ ਆਬਜੈਕਟ ਇਹ ਹੈ। ਜਿਵੇਂ ਆਤਮਾ ਨੂੰ ਵੇਖਿਆ ਨਹੀਂ ਜਾਂਦਾ, ਸਮਝਿਆ ਜਾਂਦਾ ਹੈ। ਇਨ੍ਹਾਂ ਵਿਚ ਆਤਮਾ ਹੈ, ਇਹ ਵੀ ਸਮਝਿਆ ਜਾਂਦਾ ਹੈ। ਇਨ੍ਹਾਂ ਲਕਸ਼ਮੀ - ਨਰਾਇਣ ਦੀ ਜਰੂਰ ਰਾਜਧਾਨੀ ਹੋਵੇਗੀ। ਇਨ੍ਹਾਂਨੇ ਸਭ ਤੋਂ ਜ਼ਿਆਦਾ ਮਿਹਨਤ ਕੀਤੀ ਹੈ ਤਾਂ ਸਕਾਲਰਸ਼ਿਪ ਪਾਈ ਹੈ। ਜਰੂਰ ਇਨ੍ਹਾਂ ਦੀ ਬਹੁਤ ਪ੍ਰਜਾ ਹੋਵੇਗੀ। ਉੱਚ ਤੇ ਉੱਚ ਪਦ ਪਾਇਆ ਹੈ, ਜਰੂਰ ਬਹੁਤ ਯੋਗ ਲਗਾਇਆ ਹੈ ਤਾਂ ਹੀ ਪਾਸ ਵਿਦ ਆਨਰ ਹੋਏ। ਇਹ ਵੀ ਕਾਰਨ ਕੱਡਣਾ ਚਾਹੀਦਾ ਹੈ, ਸਾਡਾ ਯੋਗ ਕਿਓਂ ਨਹੀਂ ਲੱਗਦਾ ਹੈ? ਧੰਧੇ ਆਦਿ ਦੇ ਝੰਝਟ ਵਿਚ ਬਹੁਤ ਬੁੱਧੀ ਚਲੀ ਜਾਂਦੀ ਹੈ। ਉਨ੍ਹਾਂ ਤੋਂ ਟਾਈਮ ਕੱਢ ਇਸ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਕੁਝ ਟਾਈਮ ਕੱਢਕੇ ਬਗੀਚੇ ਵਿਚ ਇਕਾਂਤ ਵਿਚ ਬੈਠਣਾ ਚਾਹੀਦਾ ਹੈ। ਫੀਮੇਲ ਤਾਂ ਜਾ ਨਾ ਸਕੇ। ਉਨ੍ਹਾਂ ਨੂੰ ਤਾਂ ਘਰ ਸੰਭਾਲਣਾ ਹੈ। ਪੁਰਸ਼ਾਂ ਨੂੰ ਸਹਿਜ ਹੈ। ਕਲਪ ਪਹਿਲੇ ਵਾਲੇ ਜੋ ਭਾਗਸ਼ਾਲੀ ਹੋਣਗੇ ਉਨ੍ਹਾਂ ਨੂੰ ਹੀ ਇਹ ਟੱਚ ਹੋਵੇਗਾ। ਪੜ੍ਹਾਈ ਤਾਂ ਬਹੁਤ ਚੰਗੀ ਹੈ। ਬਾਕੀ ਹਰ ਇੱਕ ਦੀ ਬੁੱਧੀ ਆਪਣੀ ਹੁੰਦੀ ਹੈ। ਕਿਵੇਂ ਵੀ ਕਰਕੇ ਬਾਪ ਤੋਂ ਵਰਸਾ ਲੈਣਾ ਹੈ। ਬਾਪ ਡਾਇਰੈਕਸ਼ਨ ਸਭ ਦਿੰਦੇ ਹਨ। ਕਰਨਾ ਤਾਂ ਬੱਚਿਆਂ ਨੂੰ ਹੀ ਹੈ। ਬਾਬਾ ਡਾਇਰੈਕਸ਼ਨ ਦੇਣਗੇ ਜਨਰਲ। ਇੱਕ - ਇੱਕ ਪਰਸਨਲ ਵੀ ਆਕੇ ਕੋਈ ਪੁੱਛੇ ਤਾਂ ਰਾਏ ਦੇ ਸਕਦੇ ਹੋ। ਤੀਰਥਾਂ ਤੇ ਵੱਡੇ - ਵੱਡੇ ਪਹਾੜਾਂ ਤੇ ਜਾਂਦੇ ਹਨ ਤਾਂ ਪੰਡੇ ਲੋਕ ਸਾਵਧਾਨ ਕਰਦੇ ਰਹਿੰਦੇ ਹਨ। ਬਹੁਤ ਮੁਸ਼ਕੀਲਾਤ ਨਾਲ ਜਾਂਦੇ ਹਨ। ਤੁਸੀਂ ਬੱਚਿਆਂ ਨੂੰ ਤਾਂ ਬਾਪ ਬਹੁਤ ਸਹਿਜ ਯੁਕਤੀ ਦੱਸਦੇ ਹਨ। ਬਾਪ ਨੂੰ ਯਾਦ ਕਰਨਾ ਹੈ। ਸ਼ਰੀਰ ਦਾ ਭਾਣ ਖਤਮ ਕਰਨਾ ਹੈ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ। ਬਾਪ ਆਕੇ ਨਾਲੇਜ ਦੇ ਚਲੇ ਜਾਂਦੇ ਹਨ। ਆਤਮਾ ਜਿਹਾ ਤਿੱਖਾ ਰਾਕੇਟ ਹੋਰ ਕੋਈ ਹੋ ਨਹੀਂ ਸਕਦਾ। ਉਹ ਲੋਕ ਮੂਨ ਆਦਿ ਵੱਲ ਜਾਨ ਵਿਚ ਕਿੰਨਾ ਟਾਈਮ ਵੇਸਟ ਕਰਦੇ ਹਨ। ਇਹ ਵੀ ਡਰਾਮਾ ਵਿਚ ਨੂੰਧ ਹੈ। ਇਹ ਸਾਇੰਸ ਦਾ ਹੁਨਰ ਵੀ ਵਿਨਾਸ਼ ਵਿੱਚ ਮਦਦ ਕਰਦਾ ਹੈ। ਉਹ ਹੈ ਸਾਇੰਸ, ਤੁਹਾਡੀ ਹੈ ਸਾਈਲੈਂਸ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਹੈ - ਇਹ ਹੈ ਡੈਡ ਸਾਈਲੈਂਸ। ਮੈਂ ਆਤਮਾ ਸ਼ਰੀਰ ਤੋਂ ਵੱਖ ਹਾਂ। ਇਹ ਸ਼ਰੀਰ ਪੁਰਾਣੀ ਜੁੱਤੀ ਹੈ। ਸੱਪ ਕਛੂਏ ਦੇ ਮਿਸਾਲ ਵੀ ਤੁਹਾਡੇ ਲਈ ਹੈ, ਤੁਸੀਂ ਹੀ ਕੀੜੇ ਵਾਂਗੂੰ ਮਨੁੱਖਾਂ ਨੂੰ ਭੂੰ - ਭੂੰ ਕਰ ਮਨੁੱਖ ਤੋਂ ਦੇਵਤਾ ਬਣਾਉਂਦੇ ਹੋ। ਵਿਸ਼ੇ ਸਾਗਰ ਤੋਂ ਸ਼ੀਰ ਸਾਗਰ ਵਿੱਚ ਲੈ ਜਾਣਾ ਤੁਹਾਡਾ ਕੰਮ ਹੈ। ਸੰਨਿਆਸੀਆਂ ਨੂੰ ਇਹ ਯੱਗ ਤਪ ਆਦਿ ਕੁਝ ਵੀ ਕਰਨਾ ਨਹੀਂ ਹੈ। ਭਗਤੀ ਅਤੇ ਗਿਆਨ ਹੈ ਹੀ ਗ੍ਰਹਿਸਥੀਆਂ ਦੇ ਲਈ। ਉਨ੍ਹਾਂ ਨੂੰ ਤਾਂ ਸਤਯੁਗ ਵਿਚ ਆਉਣਾ ਹੀ ਨਹੀਂ ਹੈ। ਉਹ ਕੀ ਜਾਨਣ ਇਨ੍ਹਾਂ ਗੱਲਾਂ ਨੂੰ। ਇਹ ਵੀ ਡਰਾਮਾ ਵਿਚ ਨੂੰਧ ਹੈ ਇਸ ਨਿਵ੍ਰਿਤੀ ਮਾਰਗ ਵਾਲਿਆਂ ਦੀ। ਜਿਨ੍ਹਾਂਨੇ ਪੂਰੇ 84 ਜਨਮ ਲਿੱਤੇ ਹਨ - ਉਹ ਹੀ ਡਰਾਮਾ ਅਨੁਸਾਰ ਆਉਂਦੇ ਰਹਿਣਗੇ। ਇਨ੍ਹਾਂ ਵਿਚੋਂ ਵੀ ਨੰਬਰਵਾਰ ਨਿਕਲਦੇ ਰਹਿਣਗੇ। ਮਾਇਆ ਬੜੀ ਪ੍ਰਬਲ ਹੈ। ਅੱਖਾਂ ਬਹੁਤ ਕ੍ਰਿਮੀਨਲ ਹਨ। ਗਿਆਨ ਦਾ ਤੀਜਾ ਨੇਤਰ ਮਿਲਣ ਨਾਲ ਅੱਖਾਂ ਸਿਵਿਲ ਬਣਦੀਆਂ ਹਨ ਫਿਰ ਅੱਧਾਕਲਪ ਕਦੀ ਕ੍ਰਿਮੀਨਲ ਨਹੀਂ ਬਣਨਗੀਆਂ। ਇਹ ਹਨ ਬਹੁਤ ਧੋਖੇਬਾਜ਼। ਤੁਸੀਂ ਜਿਨ੍ਹਾਂ ਬਾਪ ਨੂੰ ਯਾਦ ਕਰੋਗੇ ਉੰਨਾ ਕਰਮਿੰਦਰੀਆਂ ਸ਼ੀਤਲ ਹੋਣਗੀਆਂ। ਫਿਰ 21 ਜਨਮ ਕਰਮਿੰਦਰੀਆਂ ਨੂੰ ਚੰਚਲਤਾ ਵਿੱਚ ਆਉਣਾ ਨਹੀਂ ਹੈ। ਉੱਥੇ ਕਰਮਇੰਦਰੀਆਂ ਵਿੱਚ ਚੰਚਲਤਾ ਹੁੰਦੀ ਨਹੀਂ। ਸਭ ਕਰਮਇੰਦਰੀਆਂ ਸ਼ਾਂਤ ਸਤੋਗੁਣੀ ਰਹਿੰਦੀ ਹੈ। ਦੇਹ - ਅਭਿਮਾਨ ਦੇ ਬਾਦ ਹੀ ਸਭ ਸ਼ੈਤਾਨੀ ਆਉਂਦੀ ਹੈ। ਬਾਪ ਤੁਹਾਨੂੰ ਦੇਹੀ - ਅਭਿਮਾਨੀ ਬਣਾਉਂਦੇ ਹਨ। ਅੱਧਾਕਲਪ ਦੇ ਲਈ ਤੁਹਾਨੂੰ ਵਰਸਾ ਮਿਲ ਜਾਂਦਾ ਹੈ। ਜਿੰਨੀ ਜੋ ਮਿਹਨਤ ਕਰਦੇ ਹਨ, ਉਨ੍ਹਾਂ ਉੱਚ ਪਦਵੀ ਪਾਉਣਗੇ। ਮਿਹਨਤ ਕਰਨੀ ਹੈ - ਦੇਹੀ - ਅਭਿਮਾਨੀ ਬਣਨ ਦੀ, ਫਿਰ ਕਰਮਿੰਦਰੀਆਂ ਧੋਖਾ ਨਹੀਂ ਦੇਣਗੀਆਂ। ਅੰਤ ਤੱਕ ਯੁੱਧ ਚਲਦੀ ਰਹੇਗੀ। ਜਦੋਂ ਕਰਮਾਤੀਤ ਅਵਸਥਾ ਨੂੰ ਪਾਉਣਗੇ ਤੱਦ ਉਹ ਲੜਾਈ ਵੀ ਸ਼ੁਰੂ ਹੋਵੇਗੀ। ਦਿਨ ਪ੍ਰਤੀਦਿਨ ਅਵਾਜ ਹੁੰਦਾ ਜਾਏਗਾ, ਮੌਤ ਤੋਂ ਡਰਣਗੇ।

ਬਾਪ ਕਹਿੰਦੇ ਹਨ ਇਹ ਗਿਆਨ ਸਭ ਦੇ ਲਈ ਹੈ। ਸਿਰਫ ਬਾਪ ਦਾ ਪਰਿਚੈ ਦੇਣਾ ਹੈ। ਅਸੀਂ ਆਤਮਾਵਾਂ ਸਭ ਭਰਾ - ਭਰਾ ਹਾਂ। ਸਭ ਇੱਕ ਬਾਪ ਨੂੰ ਯਾਦ ਕਰਦੇ ਹਨ। ਗਾਡ ਫਾਦਰ ਕਹਿੰਦੇ ਹਨ। ਕਰਕੇ ਕੋਈ ਨੇਚਰ ਨੂੰ ਮੰਨਣ ਵਾਲੇ ਹੁੰਦੇ ਹਨ। ਪਰ ਗੌਡ ਤਾਂ ਹੈ ਨਾ। ਉਨ੍ਹਾਂ ਨੂੰ ਯਾਦ ਕਰਦੇ ਹਨ ਮੁਕਤੀ - ਜੀਵਨਮੁਕਤੀ ਦੇ ਲਈ। ਮੋਖ਼ਸ਼ ਤਾਂ ਹੈ ਨਹੀਂ। ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਨੂੰ ਰਿਪੀਟ ਕਰਨਾ ਹੈ। ਬੁੱਧੀ ਵੀ ਕਹਿੰਦੀ ਹੈ ਜਦੋਂ ਸਤਯੁਗ ਸੀ ਤਾਂ ਇੱਕ ਹੀ ਭਾਰਤ ਸੀ। ਮਨੁੱਖ ਤਾਂ ਕੁਝ ਵੀ ਨਹੀਂ ਜਾਣਦੇ। ਇਨ੍ਹਾਂ ਲਕਸ਼ਮੀ - ਨਾਰਾਇਣ ਦਾ ਰਾਜ ਸੀ ਨਾ। ਲੱਖਾਂ ਵਰ੍ਹੇ ਦੀ ਗੱਲ ਹੋ ਨਾ ਸਕੇ। ਲੱਖਾਂ ਵਰ੍ਹੇ ਹੁੰਦੇ ਤਾਂ ਕਿੰਨੀ ਢੇਰ ਸੰਖਿਆ ਹੋ ਜਾਂਦੀ ਹੈ। ਬਾਪ ਕਹਿੰਦੇ ਹਨ ਹੁਣ ਕਲਯੁਗ ਪੂਰਾ ਹੋ ਸਤਯੁਗ ਦੀ ਸਥਾਪਨਾ ਹੋ ਰਹੀ ਹੈ। ਉਹ ਸਮਝਦੇ ਹਨ ਕਲਯੁਗ ਤਾਂ ਅਜੂਨ ਬੱਚਾ ਹੈ, ਇੰਨੇ ਹਜ਼ਾਰ ਵਰ੍ਹੇ ਦੀ ਉਮਰ ਹੈ। ਤੁਸੀਂ ਬੱਚੇ ਜਾਣਦੇ ਹੋ ਇਹ ਕਲਪ ਹੈ ਹੀ 5 ਹਜ਼ਾਰ ਵਰ੍ਹੇ ਦਾ। ਭਾਰਤ ਵਿੱਚ ਹੀ ਇਹ ਸਥਾਪਨਾ ਹੋ ਰਹੀ ਹੈ। ਭਾਰਤ ਹੀ ਹੁਣ ਸ੍ਵਰਗ

ਬਣ ਰਿਹਾ ਹੈ। ਹੁਣ ਅਸੀਂ ਸ਼੍ਰੀਮਤ ਤੇ ਇਹ ਰਾਜ ਸਥਾਪਨਾ ਕਰ ਰਹੇ ਹਾਂ। ਹੁਣ ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਪਹਿਲੇ - ਪਹਿਲੇ ਸ਼ਬਦ ਹੀ ਇਹ ਦੇਵੋ। ਜਦੋਂ ਤੱਕ ਬਾਪ ਦਾ ਨਿਸ਼ਚਾ ਨਹੀਂ ਹੋਵੇਗਾ ਉਦੋਂ ਤੱਕ ਪ੍ਰਸ਼ਨ ਪੁੱਛਦੇ ਰਹਿਣਗੇ। ਫਿਰ ਕੋਈ ਗੱਲ ਦਾ ਉੱਤਰ ਨਹੀਂ ਮਿਲੇਗਾ ਤਾਂ ਸਮਝਣਗੇ ਇਹ ਜਾਣਦੇ ਕੁਝ ਵੀ ਨਹੀਂ ਅਤੇ ਕਹਿੰਦੇ ਹਨ ਭਗਵਾਨ ਸਾਨੂੰ ਪੜ੍ਹਾਉਂਦੇ ਹਨ ਇਸਲਈ ਪਹਿਲੇ - ਪਹਿਲੇ ਤਾਂ ਇੱਕ ਹੀ ਗੱਲ ਤੇ ਠਹਿਰ ਜਾਓ। ਪਹਿਲੇ ਬਾਪ ਦਾ ਨਿਸ਼ਚਾ ਕਰੇ ਕਿ ਬਰੋਬਰ ਸਾਰੀ ਆਤਮਾਵਾਂ ਦਾ ਬਾਪ ਇੱਕ ਹੀ ਹੈ ਅਤੇ ਉਹ ਹੈ ਰਚਤਾ। ਤਾਂ ਜਰੂਰ ਸੰਗਮ ਤੇ ਹੀ ਆਉਣਗੇ। ਬਾਪ ਕਹਿੰਦੇ ਹਨ ਮੈਂ ਯੁਗੇ - ਯੁਗੇ ਨਹੀਂ, ਕਲਪ ਦੇ ਸੰਗਮਯੁਗ ਤੇ ਆਉਂਦਾ ਹਾਂ। ਮੈ ਹਾਂ ਹੀ ਨਵੀਂ ਸ੍ਰਿਸ਼ਟੀ ਦਾ ਰਚਤਾ। ਤਾਂ ਵਿਚਕਾਰ ਮੈਂ ਕਿਵੇਂ ਆਵਾਂਗਾ। ਮੈਂ ਆਉਂਦਾ ਹੀ ਹਾਂ ਪੁਰਾਣੀ ਅਤੇ ਨਵੀਂ ਦੇ ਵਿਚਕਾਰ। ਇਨ੍ਹਾਂ ਨੂੰ ਪੁਰਸ਼ੋਤਮ ਸੰਗਮਯੁਗ ਕਿਹਾ ਜਾਂਦਾ ਹੈ। ਤੁਸੀਂ ਪੁਰਸ਼ੋਤਮ ਵੀ ਇੱਥੇ ਬਣਦੇ ਹੋ। ਲਕਸ਼ਮੀ - ਨਾਰਾਇਣ ਸਭ ਤੋਂ ਪੁਰਸ਼ੋਤਮ ਹਨ। ਏਮ - ਆਬਜੈਕਟ ਕਿੰਨੀ ਸਹਿਜ ਹੈ। ਸਭ ਨੂੰ ਬੋਲੋ ਇਹ ਸਥਾਪਨਾ ਹੋ ਰਹੀ ਹੈ। ਬਾਬਾ ਨੇ ਕਿਹਾ ਹੈ ਪੁਰਸ਼ੋਤਮ ਅੱਖਰ ਜਰੂਰ ਪਾਓ ਕਿਓਂਕਿ ਇੱਥੇ ਤੁਸੀਂ ਕਨਿਸ਼ਟ ਤੋਂ ਪੁਰਸ਼ੋਤਮ ਬਣਦੇ ਹੋ। ਇਵੇਂ - ਇਵੇਂ ਦੀਆਂ ਮੁਖ ਗੱਲਾਂ ਭੁੱਲਣੀਆਂ ਨਹੀਂ ਚਾਹੀਦੀਆਂ। ਅਤੇ ਸਵੰਤ ਦੀ ਤਾਰੀਖ ਵੀ ਜਰੂਰ ਲਿਖਣੀ ਚਾਹੀਦੀ ਹੈ। ਇੱਥੇ ਤੁਹਾਡੀ ਪਹਿਲੇ ਤੋਂ ਰਜਾਈ ਸ਼ੁਰੂ ਹੋ ਜਾਂਦੀ ਹੈ, ਹੋਰਾਂ ਦੀ ਰਜਾਈ ਪਹਿਲੇ ਤੋਂ ਨਹੀਂ ਹੁੰਦੀ। ਉਹ ਤਾਂ ਧਰਮ ਸਥਾਪਕ ਆਵੇ ਉਦੋਂ ਉਨ੍ਹਾਂ ਦੇ ਪਿੱਛੋਂ ਉਨ੍ਹਾਂ ਦੇ ਧਰਮ ਦੀ ਵ੍ਰਿਧੀ ਹੋਵੇ। ਕਰੋੜਾਂ ਬਣਨ ਉਦੋਂ ਰਜਾਈ ਚੱਲੇ। ਤੁਹਾਡੀ ਤਾਂ ਸ਼ੁਰੂ ਤੋਂ ਸਤਯੁਗ ਵਿੱਚ ਰਜਾਈ ਹੋਵੇਗੀ। ਇਹ ਕਿਸੇ ਨੂੰ ਵੀ ਬੁੱਧੀ ਵਿੱਚ ਨਹੀਂ ਆਉਂਦਾ ਹੈ ਕਿ ਸਤਯੁਗ ਵਿਚ ਇੰਨੀ ਰਜਾਈ ਕਿਥੋਂ ਆਈ। ਕਲਯੁੱਗ ਅੰਤ ਵਿਚ ਇੰਨੇ ਢੇਰ ਧਰਮ ਹਨ, ਫਿਰ ਸਤਯੁੱਗ ਵਿਚ ਇੱਕ ਧਰਮ, ਇੱਕ ਰਾਜ ਕਿਵੇਂ ਹੋਇਆ? ਕਿੰਨੇ ਹੀਰੇ ਜਵਾਹਰਾਤਾਂ ਦੇ ਮਹਿਲ ਹਨ। ਭਾਰਤ ਅਜਿਹਾ ਸੀ ਜਿਸ ਨੂੰ ਪੈਰਾਡਾਇਜ਼ ਕਹਿੰਦੇ ਸਨ। 5 ਹਜ਼ਾਰ ਵਰ੍ਹੇ ਦੀ ਗੱਲ ਹੈ। ਲੱਖਾਂ ਵਰ੍ਹੇ ਦਾ ਹਿਸਾਬ ਕਿਥੋਂ ਆਇਆ। ਮਨੁੱਖ ਕਿੰਨੇ ਮੁੰਝੇ ਹੋਏ ਹਨ। ਹੁਣ ਉਨ੍ਹਾਂ ਨੂੰ ਕੌਣ ਸਮਝਾਏ। ਉਹ ਸਮਝਦੇ ਥੋੜੀ ਹਨ ਕਿ ਅਸੀਂ ਆਸੁਰੀ ਰਾਜ ਵਿੱਚ ਹਾਂ। ਇਨ੍ਹਾਂ ਦੀ (ਦੇਵਤਾਵਾਂ) ਦੀ ਤਾਂ ਮਹਿਮਾ ਸ੍ਰਵਗੁਣ ਸੰਪੰਨ..ਹੈ, ਇਨ੍ਹਾਂ ਵਿੱਚ 5 ਵਿਕਾਰ ਨਹੀਂ ਹਨ ਕਿਓਂਕਿ ਦੇਹੀ - ਅਭਿਮਾਨੀ ਹਨ ਤਾਂ ਬਾਪ ਕਹਿੰਦੇ ਹਨ ਮੁਖ ਗੱਲ ਹੈ ਯਾਦ ਦੀ। 84 ਜਨਮ - ਲੈਂਦੇ ਲੈਂਦੇ ਤੁਸੀਂ ਪਤਿਤ ਬਣੇ ਹੋ, ਹੁਣ ਫਿਰ ਪਵਿੱਤਰ ਬਣਨਾ ਹੈ। ਇਹ ਡਰਾਮਾ ਦਾ ਚੱਕਰ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗਿਆਨ ਦੇ ਤੀਜੇ ਨੇਤਰ ਨੂੰ ਧਾਰਨ ਕਰ ਆਪਣੀ ਧੋਖੇਬਾਜ ਅੱਖਾਂ ਨੂੰ ਸਿਵਿਲ ਬਣਉਣਾ ਹੈ। ਯਾਦ ਨਾਲ ਹੀ ਕਰਮਇੰਦ੍ਰੀਆਂ ਸ਼ੀਤਲ, ਸਤੋਗੁਣੀ ਬਣੇਗੀ ਇਸਲਈ ਇਹ ਹੀ ਮਿਹਨਤ ਕਰਨੀ ਹੈ।

2. ਧੰਧੇ ਆਦਿ ਤੋਂ ਟਾਈਮ ਨਿਕਾਲ ਇਕਾਂਤ ਵਿੱਚ ਜਾਕੇ ਯਾਦ ਵਿੱਚ ਬੈਠਣਾ ਹੈ। ਕਾਰਨ ਵੇਖਣਾ ਹੈ ਕਿ ਸਾਡਾ ਯੋਗ ਕਿਓਂ ਨਹੀਂ ਲੱਗਦਾ ਹੈ। ਆਪਣਾ ਚਾਰਟ ਜਰੂਰ ਰੱਖਣਾ ਹੈ।

ਵਰਦਾਨ:- ਸਹਿਣਸ਼ਕਤੀ ਦ੍ਵਾਰਾ ਅਵਿਨਾਸ਼ੀ ਤੇ ਮਧੁਰ ਫਲ ਪ੍ਰਾਪਤ ਕਰਨ ਵਾਲੇ ਸਰਵ ਦੇ ਸਨੇਹੀ ਭਵ।

ਸਹਿਣ ਕਰਨਾ ਮਰਨਾ ਨਹੀਂ ਹੈ ਲੇਕਿਨ ਸਭ ਦੇ ਦਿਲਾਂ ਵਿਚ ਸਨੇਹ ਨਾਲ ਜਿਉਣਾ ਹੈ। ਕਿਵੇਂ ਦਾ ਵੀ ਵਿਰੋਧੀ ਹੋਵੇ, ਰਾਵਣ ਤੋਂ ਵੀ ਤੇਜ਼ ਹੋਵੇ, ਇੱਕ ਵਾਰ ਨਹੀਂ ਦਸ ਵਾਰੀ ਸਹਿਣ ਕਰਨਾ ਪਵੇ ਫਿਰ ਵੀ ਸਹਿਣਸ਼ਕਤੀ ਦਾ ਫਲ ਅਵਿਨਾਸ਼ੀ ਅਤੇ ਮਧੁਰ ਹੈ। ਸਿਰਫ ਇਹ ਭਾਵਨਾ ਨਹੀਂ ਰੱਖੋ ਕਿ ਮੈਂ ਇਤਨਾ ਸਹਿਣ ਕੀਤਾ ਤਾਂ ਇਹ ਵੀ ਕੁਝ ਕਰੇ। ਅਲਪਕਾਲ ਦੇ ਫਲ ਦੀ ਭਾਵਨਾ ਨਹੀਂ ਰੱਖੋ। ਰਹਿਮ ਭਾਵ ਰੱਖੋ - ਇਹ ਹੀ ਸੇਵਾ ਭਾਵ ਹੈ। ਸੇਵਾ ਭਾਵ ਵਾਲੇ ਸਰਵ ਦੀਆਂ ਕਮਜੋਰੀਆਂ ਨੂੰ ਸਮਾ ਲੈਂਦੇ ਹਨ। ਉਨ੍ਹਾਂ ਦਾ ਸਾਮ੍ਹਣਾ ਨਹੀਂ ਕਰਦੇ।

ਸਲੋਗਨ:- ਜੋ ਬੀਤ ਚੁੱਕਿਆ ਉਸ ਨੂੰ ਭੁੱਲ ਜਾਵੋ, ਬੀਤੀਆਂ ਗੱਲਾਂ ਤੋਂ ਸਿੱਖਿਆ ਲੈਕੇ ਅੱਗੇ ਦੇ ਲਈ ਸਦਾ ਸਾਵਧਾਨ ਰਹੋ।

******

ਅਵਿਅਕਤ ਇਸ਼ਾਰੇ :- ਖੁਦ ਅਤੇ ਸਭ ਦੇ ਪ੍ਰਤੀ, ਮਨਸਾ ਦ੍ਵਾਰਾ ਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰੋ।

ਜਿਵੇਂ ਬਾਪਦਾਦਾ ਨੂੰ ਰਹਿਮ ਆਉਂਦਾ ਹੈ, ਇਵੇਂ ਤੁਸੀਂ ਬੱਚੇ ਵੀ ਮਾਸਟਰ ਰਹਿਮਦਿਲ ਬਣ ਆਪਣੀ ਮਨਸਾ ਵ੍ਰਿਤੀ ਨਾਲ ਵਾਯੂਮੰਡਲ ਦ੍ਵਾਰਾ ਆਤਮਾਵਾਂ ਨੂੰ ਬਾਪ ਦ੍ਵਾਰਾ ਮਿਲੀ ਹੋਈ ਸ਼ਕਤੀਆਂ ਦਵੋ। ਜਦੋਂ ਥੋੜ੍ਹੇ ਸਮੇਂ ਵਿਚ ਸਾਰੇ ਵਿਸ਼ਵ ਦੀ ਸੇਵਾ ਸੰਪੰਨ ਕਰਨੀ ਹੈ, ਤਤਵਾਂ ਸਹਿਤ ਸਭ ਨੂੰ ਪਾਵਨ ਬਣਾਉਣਾ ਹੈ ਤਾਂ ਮਨਸਾ ਦ੍ਵਾਰਾ ਤੀਵ੍ਰਗਤੀ ਨਾਲ ਸੇਵਾ ਕਰੋ, ਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰੋ।